**ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੇਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ**
**ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ**

ਪੰਜਵੀਂ ਮੰਜਿਲ, ਬਲਾਕ ਈ, ਵਿੱਦਿਆ ਭਵਨ (ਸਿੱਖਿਆ ਵਿਭਾਗ) ਫੇਜ਼-8, ਐਸ.ਏ.ਐਸ ਨਗਰ (ਮੁਹਾਲੀ), ਪੰਜਾਬ
ਫੋਨ ਨੰ:- 0172-5212367, ਈਮੇਲ- meritorious.punjab@punjabeducation.gov.in

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੰ.)
2. ਸਮੂਹ ਸਕੂਲ ਮੁੱਖੀ (ਸੀਨੀਅਰ ਸੈਕੰਡਰੀ/ਹਾਈ/ਮਿਡਲ)

ਪੰਜਾਬ (ਵੈਬਸਾਈਟ ਰਾਹੀਂ)

**ਮੀਮੋ ਨੰ.: ਐਮ.ਐਸ.ਐਡਮਿੰਨ/38477/341(ਸੀ)/2023/** 157786

**ਮਿਤੀ:-** 06-06-2023

**ਵਿਸ਼ਾ:- ਮੈਰੀਟੋਰੀਅਸ ਸਕੂਲਾਂ ਦੀ 9ਵੀਂ/11ਵੀਂ ਜਮਾਤ ਵਿੱਚ ਦਾਖਲਾ ਲੈਣ ਹਿੱਤ ਕਰਵਾਈ ਜਾਣ ਵਾਲੀ ਦਾਖਲਾ ਪ੍ਰਵੇਸ਼ ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮੈਰੀਟੋਰੀਅਸ ਸਕੂਲਾਂ ਵਿੱਚ ਅਕਾਦਮਿਕ ਸੈਸ਼ਨ 2023-24 ਲਈ ਜਮਾਤ 9ਵੀਂ ਅਤੇ 11ਵੀਂ ਵਿੱਚ ਦਾਖਲਾ ਲੈਣ ਹਿੱਤ ਦਾਖਲਾ ਪ੍ਰਵੇਸ਼ ਪ੍ਰੀਖਿਆ ਮਿਤੀ 11.06.2023 ਨੂੰ ਸਵੇਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੱਕ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਵਿੱਚ ਕੇਂਦਰ ਸਥਾਪਿਤ ਕਰਕੇ ਕਰਵਾਈ ਜਾ ਰਹੀ ਹੈ।

2.0 ਆਪ ਦੇ ਸਕੂਲ ਵਿੱਚੋਂ ਅੱਠਵੀਂ/ਦਸਵੀਂ ਜਮਾਤ ਦੇ ਇਸ ਸਾਲ ਪਾਸ ਹੋਏ ਵਿਦਿਆਰਥੀ, ਜਿਨ੍ਹਾਂ ਨੇ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਾ ਲੈਣ ਲਈ ਰਜਿਸਟ੍ਰੇਸ਼ਨ ਕਰਵਾਈ ਹੈ, ਉਨ੍ਹਾਂ ਨੂੰ ਸੂਚਿਤ ਕੀਤਾ ਜਾਵੇ ਕਿ ਉਹ ਆਪਣੇ ਰੋਲ ਨੰਬਰ ਵਿਭਾਗ ਦੀ ਵੈਬਸਾਈਟ www.meritoriousschools.com ਤੋਂ ਡਾਊਨਲੋਡ ਕਰ ਲੈਣ।

3.0 ਪ੍ਰੀਖਿਆਰਥੀਆਂ ਨੂੰ ਇਹ ਵੀ ਸੂਚਿਤ ਕੀਤਾ ਜਾਵੇ ਕਿ ਉਹ ਪ੍ਰੀਖਿਆ ਸ਼ੁਰੂ ਹੋਣ ਦੇ ਸਮੇਂ ਤੋਂ ਇੱਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਪਹੁੰਚ ਜਾਣ। ਇਸ ਦੇ ਨਾਲ ਹੀ ਪ੍ਰੀਖਿਆਰਥੀਆਂ ਨੂੰ ਇਹ ਵੀ ਸੂਚਿਤ ਕੀਤਾ ਜਾਵੇ ਕਿ 9ਵੀਂ ਜਮਾਤ ਵਿੱਚ ਦਾਖਲੇ ਹਿੱਤ ਪੇਪਰ ਦੇਣ ਵਾਲੇ ਪ੍ਰੀਖਿਆਰਥੀ ਬੋਰਡ ਨਾਲ ਸਬੰਧਤ 8ਵੀਂ ਜਮਾਤ ਦਾ ਰੋਲ ਨੰਬਰ ਅਤੇ 11ਵੀਂ ਜਮਾਤ ਵਿੱਚ ਦਾਖਲੇ ਹਿੱਤ ਪੇਪਰ ਦੇਣ ਵਾਲੇ ਪ੍ਰੀਖਿਆਰਥੀਆਂ ਬੋਰਡ ਨਾਲ ਸਬੰਧਤ ਦਸਵੀਂ ਜਮਾਤ ਦਾ ਰੋਲ ਨੰਬਰ ਵੀ ਲੈ ਕੇ ਜਾਣ ਅਤੇ ਕੋਈ ਵੀ ਸਨਾਖਤੀ ਆਈ.ਡੀ. ਜਿਵੇਂ ਕਿ ਅਧਾਰ ਕਾਰਡ ਨਾਲ ਲੈ ਕੇ ਜਾਣ।

4.0 ਇਸ ਪ੍ਰੀਖਿਆ ਸਬੰਧੀ ਰਜਿਸਟਰਡ ਹੋਏ ਪ੍ਰੀਖਿਆਰਥੀਆਂ ਨੂੰ ਇਹ ਪ੍ਰੀਖਿਆ ਦੇਣ ਲਈ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਰਜਿਸਟਰਡ ਪ੍ਰੀਖਿਆਰਥੀ ਇਸ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚੋਂ ਗੈਰ ਹਾਜਰ ਨਾ ਹੋਵੇ।

**ਪ੍ਰੋਜੈਕਟ ਡਾਇਰੈਕਟਰ**
**ਮੈਰੀਟੋਰੀਅਸ ਸੁਸਾਇਟੀ ਪੰਜਾਬ।**